Weekly

# CANADA SIKH TIMES

24 - 30 August 2024

ਕੈਨੇਡਾ ਸਿੱਖ ਟਾਈਮਜ਼

Volume 2 Issue 34

• RELIGION • CULTURE • HERITAGE • BUSINESS

## ਪਿੰਡ ਬਡਰੁੱਖਾਂ ਦੀ ਦੋਹਤੀ ਬਣੀ ਕੈਨੇਡਾ ਪੁਲਿਸ ਵਿਚ ਸਹਾਇਕ ਸੁਪ੍ਰਿੰਟੈਂਡੈਂਟ



ਪਿੰਡ ਅਤਰ ਸਿੰਘ ਵਾਲਾ ਦੀ ਧੀ ਅਤੇ ਨੇੜਲੇ ਪਿੰਡ ਬਡਰੁੱਖਾਂ ਦੀ ਦੋਹਤੀ ਸਤਵੀਰ ਕੌਰ ਨੇ ਵਿਦੇਸ਼ੀ ਧਰਤੀ ਕੈਨੇਡਾ ਵਿਖੇ ਜੇਲ ਵਿਭਾਗ ਵਿਚ ਅਸਿਸਟੈਂਟ ਸੁਪ੍ਰਿੰਟੈਂਡੈਂਟ ਦੀ ਨੌਕਰੀ ਹਾਸਲ ਕਰਕੇ ਆਪਣੇ ਮਾਪਿਆਂ ਅਤੇ ਨਾਨਕੇ ਪਿੰਡ ਦਾ ਮਾਣ ਵਧਾਇਆ ਹੈ। ਸਤਵੀਰ ਕੌਰ ਦੇ ਪਿਤਾ ਹਰਬੰਸ ਸਿੰਘ ਨੇ ਦੱਸਿਆ ਕਿ ਉਹ ਖੁਦ ਵੀ ਜੇਲ ਵਿਭਾਗ ਪੰਜਾਬ ਦੇ ਸੇਵਾ ਮੁਕਤ ਮੁਲਾਜ਼ਮ ਹਨ। ਉਨ੍ਹਾਂ ਦੱਸਿਆ ਕਿ ਸਤਵੀਰ ਕੌਰ ਸਨ 2018 ਵਿੱਚ 10+2 ਮੈਡੀਕਲ ਕਰਕੇ ਸਟੱਡੀ ਵੀਜ਼ੇ ’ਤੇ ਕੈਨੇਡਾ ਗਈ ਸੀ ਜਿਥੇ ਉਸਨੇ ਬੀ-ਫ਼ਾਰਮੈਸੀ ਦੀ ਪੜ੍ਹਾਈ ਕੀਤੀ। ਉਨ੍ਹਾਂ ਦਸਿਆ ਕਿ ਉਸ ਦੀਆਂ ਤਿੰਨ ਧੀਆਂ ਅਤੇ ਇੱਕ ਪੁੱਤਰ ’ਚੋਂ ਸਤਵੀਰ ਸੱਭ ਤੋਂ ਵੱਡੀ ਹੈ। ਸਤਵੀਰ ਕੌਰ ਦੀ ਮਾਤਾ ਹਰਦੀਪ ਕੌਰ ਅਤੇ ਨਾਨੀ ਸਾਬਕਾ ਸਰਪੰਚ ਬਡਰੁੱਖਾਂ ਹਰਬੰਸ ਕੌਰ ਨੇ ਕਿਹਾ ਕਿ ਧੀਆਂ ਕਿਸੇ ਵੀ ਖੇਤਰ ਵਿਚ ਪੁੱਤਾਂ ਤੋਂ ਘੱਟ ਨਹੀਂ ਹਨ ਅਤੇ ਹਰ ਖੇਤਰ ਵਿਚ ਧੀਆ ਮਾਪਿਆਂ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹਰ ਮਾਤਾ-ਪਿਤਾ ਨੂੰ ਆਪਣੀ ਧੀ ਨੂੰ ਪੁੱਤਾਂ ਦੇ ਬਰਾਬਰ ਪੜ੍ਹਾਉਣਾ ਚਾਹੀਦਾ ਹੈ ਅਤੇ ਉਸ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਾਥ ਦੇਣਾ ਚਾਹੀਦਾ ਹੈ। ਇਸ ਮੌਕੇ ਸਕੇ ਸਬੰਧੀਆਂ ਤੇ ਰਿਸ਼ਤੇਦਾਰਾਂ ਸਮੇਤ ਸਾਬਕਾ ਪੰਚ ਨਿਰਮਲ ਸਿੰਘ ਅਤੇ ਸਮੁੱਚਾ ਪਿੰਡ ਮੌਜੂਦ ਸੀ।

## Canadian Residents Face the Longest Waits in the World for U.S. Visas



Canadian residents who require a visa to visit the United States face the longest wait times in the world. Aanalysis of wait times for appointments to obtain U.S. tourist visas shows that while wait times in countries like India and Mexico have been improving since November 2022, wait times in Canada have been getting worse. Six of the 10 longest wait times around the world were recorded at the U.S. embassy and consulate offices in Canada that offer visa appointments. Currently, those who apply for a B1/B2 visitor visa appointment in Ottawa or Quebec City face the longest wait times in the world — 850 days. Halifax is not far behind at 840 days, followed by Calgary at 839 days. Getting a visa appointment in Toronto takes 753 days, while in Vancouver it's 731 days. Wait times can fluctuate from day to day. Earlier this month, Toronto had the longest wait time in the world — 900 days.

## ਹਰਮਨਪ੍ਰੀਤ ਕੌਰ ਸਮੇਤ ਤਿੰਨ ਭਾਰਤੀ ਖਿਡਾਰਨਾਂ ਡਬਲਿਊਬੀਬੀਐਲ ਵਿਚ ਸ਼ਾਮਲ



ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਸਮੇਤ ਤਿੰਨ ਭਾਰਤੀ ਖਿਡਾਰਨਾਂ ਦੇ ਨਾਂ ਵੀ ਮਹਿਲਾ ਬਿਗ ਬੈਸ਼ ਲੀਗ (ਡਬਲਿਊਬੀਬੀਐਲ) ਡਰਾਫ਼ਟ ਦੇ ਖਿਡਾਰੀਆਂ ਦੇ ਪਹਿਲੇ ਗਰੁਪ ਵਿਚ ਸ਼ਾਮਲ ਹਨ। ਲੀਗ ਲਈ ਨਾਮਜ਼ਦਗੀਆਂ ਦੀ ਸਮਾਪਤੀ ਤੋਂ ਬਾਅਦ, ਬੀਬੀਐਲ ਅਤੇ ਡਬਲਿਊਬੀਬੀਐਲ ਡਰਾਫ਼ਟ ਦੇ ਪਹਿਲੇ ਗਰੁਪ ਦੇ 10 ਖਿਡਾਰੀਆਂ ਦੇ ਨਾਮ ਸੋਮਵਾਰ ਨੂੰ ਜਾਰੀ ਕੀਤੇ ਗਏ। ਇਨ੍ਹਾਂ 10 ਖਿਡਾਰਨਾਂ ’ਚ ਹਰਮਨਪ੍ਰੀਤ ਕੌਰ, ਦੀਪਤੀ ਸ਼ਰਮਾ ਅਤੇ ਜੇਮਿਮਾ ਰੌਡਰਿਗਜ਼ ਦੇ ਨਾਂ ਵੀ ਸ਼ਾਮਲ ਹਨ। ਇੰਗਲੈਂਡ ਦੀ ਕਪਤਾਨ ਹੀਥਰ ਨਾਈਟ ਦੇ ਨਾਲ ਇਕ ਰੋਜ਼ਾ ਅਤੇ ਟੀ-20 ’ਚ ਦੁਨੀਆਂ ਦੀ ਨੰਬਰ ਇਕ ਗੇਂਦਬਾਜ਼ ਸੋਫੀ ਏਕਲਸਟਨ ਦਾ ਨਾਂ ਵੀ ਇਸ ਡਰਾਫ਼ਟ ’ਚ ਸ਼ਾਮਲ ਹੈ। 1 ਸਤੰਬਰ ਨੂੰ ਹੋਣ ਵਾਲੇ ਡਰਾਫ਼ਟ ਲਈ ਸਿਰਫ਼ 10 ਖਿਡਾਰੀਆਂ ਦੇ ਨਾਂ ਹੀ ਜਾਰੀ ਕੀਤੇ ਗਏ ਹਨ। ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਵਿਚੋਂ ਕੁੱਝ ਖਿਡਾਰੀਆਂ ਨੂੰ ਪੁਰਾਣੀ ਟੀਮ ਵਲੋਂ ਬਰਕਰਾਰ ਰੱਖਿਆ ਜਾ ਸਕਦਾ ਹੈ। ਖਿਡਾਰੀਆਂ ਨੂੰ ਪਲੈਟੀਨਮ, ਗੋਲਡ, ਸਿਲਵਰ ਅਤੇ ਬ੍ਰਾਂਜ਼ ਦੇ ਰੂਪ ਵਿਚ ਸ਼੍ਰੇਣੀਬੱਧ ਕੀਤਾ ਗਿਆ ਹੈ ਅਤੇ ਡਰਾਫ਼ਟ ਦੌਰਾਨ ਕਲੱਬਾਂ ਨੂੰ ਘੱਟੋ-ਘੱਟ ਦੋ ਦੀ ਚੋਣ ਕਰਨ ਦੀ ਲੋੜ ਹੁੰਦੀ ਹੈ। ਮਹਿਲਾ ਬੀ.ਬੀ.ਐਲ ਦਾ 10ਵਾਂ ਐਡੀਸ਼ਨ ਟੀ-20 ਵਿਸ਼ਵ ਕੱਪ ਫਾਈਨਲ ਤੋਂ ਇਕ ਹਫ਼ਤੇ ਬਾਅਦ 20 ਅਕਤੂਬਰ ਨੂੰ ਸ਼ੁਰੂ ਹੋਵੇਗਾ ਅਤੇ 5 ਦਸੰਬਰ ਨੂੰ ਸਮਾਪਤ ਹੋਵੇਗਾ। ਪੁਰਸ਼ਾਂ ਦਾ ਬੀਬੀਐਲ 15 ਦਸੰਬਰ ਤੋਂ 27 ਜਨਵਰੀ ਤਕ ਖੇਡਿਆ ਜਾਵੇਗਾ।

# DESH VIDESH

## From Pothi to Guru Granth Sahib

- Harinder Singh



Guru Arjan Sahib devised a superb method to curate an anthology that harmonized societal elements in a brilliant framework. The term editor comes from Latin, implying the one who puts forth, brings forth, produces, or publishes. In this context, Guru Arjan Sahib was also the editor and not its current restrictive meaning of a person who edits or makes changes. Guru Arjan Sahib was a perfect-genius. He was a compiler and editor, musician and musicologist, planner and organizer, curator and publisher, author and poet, composer and instrumentalist, producer and director, and much, much more. The Guru is also the lover of the Beloved and the Beloved of us seekers-lovers.

Guru Arjan Sahib (1563-1606) is beyond the mark of excellence. At age 18, what traits and characteristics does one exhibit to be anointed as the leader of a nation? Guru Arjan Sahib was declared the fifth Sovereign in the line of Guru Nanak Sahib, the founder of the Sikh faith. At age 28, what methods and resources does one galvanize to inaugurate the center for all people? Guru Arjan Sahib was the architect of Sri Harimandar Sahib (popularly the Golden Temple) in the middle of a pool in the city of Amritsar in the Panjab and developed the city and its markets.

At age 41, what vision and skills does one possess to publish an anthology that becomes the global source of eternal wisdom? Guru Arjan Sahib envisioned and completed the first recension of Guru Granth Sahib, the textual source the Sikhs call their Guru.

At age 43, what love and justice paradigm does one live to be martyred by the state? Guru Arjan Sahib was tortured to death by the Mughal emperor for disrupting the political and religious hegemony.

In Guru Granth Sahib itself, Guru Arjan Sahib is described by a Bhatt (bard) as Divine-like: “Mathura says there is no difference, Guru Arjan is the manifestation of Hari - All-Pervasive, 1-Light, Fear-Eliminator, 1Force” (1408).

(Continued)

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ-2

- ਮਮਤਾ ਕੌਰ, ਹਜ਼ਾਰੀਬਾਗ ਝਾਰਖੰਡ



ਪੁਜਾਰੀਆਂ ਨੇ ਸੋਚਿਆ, ਜੇ ਗੁਰੂ ਜੀ ਇਥੇ ਟਿਕ ਗਏ ਤਾਂ ਸਾਡੀ ਰੋਜ਼ੀ ਬੰਦ ਹੋ ਜਾਵੇਗੀ। ਉਹਨਾਂ ਦਰਵਾਜ਼ੇ ਬੰਦ ਕਰ ਲਏ ਤੇ ਚਲੇ ਗਏ। ਗੁਰੂ ਜੀ ਬਾਹਰ ਥੜ੍ਹੇ ਤੇ ਬੈਠੇ ਉਡੀਕ ਕਰਦੇ ਰਹੇ, ਜਿੱਥੇ ਅੱਜ ਗੁਰਦੁਆਰਾ ਥੜ੍ਹਾ ਸਾਹਿਬ ਹੈ। ਕਾਫੀ ਸਮਾਂ ਉਡੀਕਣ ਤੇ ਵੀ ਜਦੋਂ ਪੁਜਾਰੀ ਨਾ ਆਏ ਤਾਂ ਆਪ ਬਾਹਰੋਂ ਹੀ ਨਮਸਕਾਰ ਕਰਕੇ ਪਿੰਡ ਵੱਲੇ ਵੱਲ ਚੱਲ ਪਏ। ਪਿੰਡ ਵੱਲੇ ਦੀ ਸੰਗਤ ਨੇ ਸੇਵਾ ਕੀਤੀ। ਮਗਰੋਂ ਜਦੋਂ ਪੁਜਾਰੀ ਆਏ ਤਾਂ ਭਾਈ ਮੱਖਣ ਸ਼ਾਹ ਨੇ ਤਾੜਨਾ ਕੀਤੀ। ਨਾਲ ਲੈ ਕੇ ਵੱਲੇ ਪਿੰਡ ਪਹੁੰਚੇ। ਗੁਰੂ ਜੀ ਨੇ ਕਿਹਾ ਕਿ ਤੁਸੀਂ ਗੁਰਦੁਆਰਿਆਂ ਦੇ ਸੇਵਾਦਾਰ (ਮਸੰਦ) ਨਹੀਂ ਰਹੇ 34 ਸਾਲ ਹੋ ਗਏ ਹਨ ਤੁਹਾਨੂੰ ਪੂਜਾ ਦਾ ਧਾਨ ਖਾਂਦਿਆਂ, ਇਸ ਲਈ ਤੁਸੀਂ ਤ੍ਰਿਸ਼ਨਾ ਦੀ ਅੱਗ ਵਿੱਚ ਸੜ ਰਹੇ ਹੋ। ਪਿੰਡ ਵੱਲੇ ਤੋਂ ਬਕਾਲੇ ਗਏ ਤੇ ਫਿਰ ਕਰਤਾਰਪੁਰ ਦੇ ਰਸਤੇ ਕੀਰਤਪੁਰ ਪੁੱਜੇ। ਕਹਿਲੂਰ ਦੇ ਰਾਜੇ ਦੀਪ ਚੰਦ ਤੋਂ ਪਿੰਡ ਮਾਖੋਵਾਲ ਦੀ ਜ਼ਮੀਨ ਮੁੱਲ ਲੈ ਕੇ ਅਕਤੂਬਰ ਸੰਨ 1665 ਵਿੱਚ ਨਗਰ ਅਨੰਦਪੁਰ ਸਾਹਿਬ ਵਸਾਇਆ।

ਔਰੰਗਜ਼ੇਬ ਨੇ ਹਿੰਦੂਆਂ ਉਪਰ ਸ਼ਖਤੀ ਕਰਨੀ ਆਰੰਭ ਕੀਤੀ। ਗੁਰੂ ਜੀ ਪੂਰਬ ਦੇਸ਼ ਵੱਲ ਹਿੰਦੂ ਜਨਤਾ ਨੂੰ ਢਾਰਸ ਦੇਣ ਲਈ ਤੇ ਸਿੱਖੀ ਪ੍ਰਚਾਰ ਲਈ ਪਰਿਵਾਰ ਸਮੇਤ ਚੱਲ ਪਏ। ਅਨੰਦਪੁਰ ਤੋਂ ਘਰੌਲੀ, ਰੋਪੜ, ਮੂਲੇਵਾਲ ਆਦਿ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਰਸਤੇ ਵਿੱਚ ਦਸਵੰਧ ਦੀ ਰਕਮ ਖੂਹ, ਬਾਉਲੀਆਂ ਆਦਿ ਲੁਆਉਣ ਤੇ ਖਰਚ ਕਰਦੇ ਗਏ। ਕਈ ਪਿੰਡਾਂ ਵਿੱਚੋਂ ਹੁੰਦੇ ਹੋਏ ਧਮਧਾਣ ਪਹੁੰਚੇ। ਇਥੇ ਭਾਈ ਰਾਮ ਦੇਵ ਨੂੰ ਸੰਗਤਾਂ ਦੀ ਜਲ ਸੇਵਾ ਕਰਨ ਕਰਕੇ 'ਭਾਈ ਮੀਹਾਂ 'ਦਾ ਨਾਮ ਦਿੱਤਾ।

ਕੁਰੂਕਸ਼ੇਤਰ, ਮਥਰਾ, ਆਗਰਾ, ਕਾਨਪੁਰ, ਅਲਾਹਾਬਾਦ, ਪ੍ਰਯਾਗ, ਕਾਸ਼ੀ ਆਦੀ ਹਿੰਦੂ ਤੀਰਥਾਂ ਤੇ ਗਏ। ਇਕੱਠੇ ਹੋਏ ਲੋਕਾਂ ਨੂੰ ਗੁਰਮਤਿ ਦ੍ਰਿੜ੍ਹ ਕਰਵਾਈ ਤੇ ਸੱਚਾ ਤੀਰਥ ਸਤਿ ਸੰਗਤ ਨੂੰ ਦੱਸਿਆ। ਫਿਰ ਗਯਾ ਤੋਂ ਪਟਨੇ ਗਏ। ਇੱਥੇ ਭਾਈ ਜੈਤਾ ਹਲਵਾਈ ਦੇ ਘਰ ਮਾਤਾ ਗੁਜਰੀ ਜੀ ਨੂੰ ਛੱਡਿਆ, ਜਿਹਨਾਂ ਦੀ ਕੁੱਖ ਤੋਂ 22 ਦਸੰਬਰ, ਸੰਨ 1666 ਨੂੰ ( ਗੁਰੂ) ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ।

ਪਟਨੇ ਤੋਂ ਰਾਜ ਮਹਲ, ਮਾਲਦਾ, ਮੁਰਸ਼ਿਦਾਬਾਦ ਹੁੰਦੇ ਹੋਏ ਢਾਕੇ ਪਹੁੰਚੇ। ਢਾਕੇ ਤੋਂ ਅਸਾਮ ਵਿਖੇ ਸੰਨ 1670 ਵਿੱਚ ਆਪ ਨੇ ਰਾਜਾ ਰਾਮ ਸਿੰਘ ਦੇ ਅਹੋਮੀ ਕਬੀਲੇ ਦੇ ਸਰਦਾਰ ਰਾਜਾ ਚੱਕ੍ਰ ਧੱਵਜ ਦੀ ਸੁਲਹਾ ਕਰਵਾਈ ਤੇ ਦੋਹਾਂ ਪਾਸਿਉਂ ਖ਼ੂਨ ਡੁਲ੍ਹਣੋਂ ਬਚਾਇਆ। ਗੁਰੂ ਜੀ ਪਟਨੇ ਆਏ।ਥੋੜ੍ਹਾ ਸਮਾਂ ਟਿਕ ਕੇ ਸਾਹਿਬਜ਼ਾਦੇ ਨੂੰ ਮਿਲ ਕੇ ਬਕਸਰ, ਬਨਾਰਸ, ਅਯੁਧਿਆ ਆਦਿ ਵਿਚੋਂ ਹੁੰਦੇ ਹੋਏ ਦਾਈ ਤਿੰਨ ਮਹੀਨਿਆਂ ਵਿੱਚ ਅਨੰਦਪੁਰ ਪੁੱਜ ਗਏ। ਥੋੜ੍ਹੇ ਚਿਰ ਪਿੱਛੋਂ ਪਰਿਵਾਰ ਨੂੰ ਵੀ ਪਟਨੇ ਤੋਂ ਅਨੰਦਪੁਰ ਸਾਹਿਬ ਮੰਗਵਾ ਲਿਆ।

ਜਦੋਂ ਕਸ਼ਮੀਰ ਵਿੱਚ ਸ਼ੇਰ ਅਫ਼ਗਾਨ ਖਾਂ ਨੇ ਤਲਵਾਰ ਦੇ ਜ਼ੋਰ ਨਾਲ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਉਣਾ ਆਰੰਭਿਆ, ਤਾਂ ਕਸ਼ਮੀਰੀ ਪੰਡਿਤ ਅਨੰਦਪੁਰ ਸਾਹਿਬ ਗੁਰੂ ਜੀ ਕੋਲ ਫਰਿਆਦ ਲੈ ਕੇ ਆਏ। ਸਤਿਗੁਰ ਜੀ ਨੇ ਸ਼ਰਨ ਆਇਆ ਦੀ ਬਾਂਹ ਪਕੜੀ ਤੇ ਦਿੱਲੀ ਜਾ ਕੇ ਸ਼ਹੀਦ ਹੋਣ ਦਾ ਫ਼ੈਸਲਾ ਕਰ ਲਿਆ। ਅਨੰਦਪੁਰ ਤੋਂ ਚੱਲ ਕੇ ਕੀਰਤਪੁਰ, ਫੈਜ਼ਾਬਾਦ, ਸਮਾਣਾ ,ਕੈਥਲ, ਲਖਣ, ਮਾਜਰਾ, ਰੋਹਤਕ ਆਦਿ ਥਾਵਾਂ ਤੇ ਸਹਿਮੀ ਹੋਈ ਹਿੰਦੂ ਜਨਤਾ ਵਿੱਚ 'ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਉ' ਦਾ ਪ੍ਰਚਾਰ ਕਰਦੇ ਆਗਰੇ ਪੁੱਜੇ। ਖਾਸ ਸੇਵਕ ਆਪਣ ਨਾਲ ਤਿਨ ਹੀ ਰਖੈ।

(ਬਾਕੀ ਅਗਲੀ ਵਾਰੀ)

# HERITAGE

## ਭਾਰਤੀ ਮੂਲ ਦੀ ਸੁਨੀਤਾ ਵਿਲੀਅਮਜ਼ ਫਰਵਰੀ 2025 ਵਿੱਚ ਪੁਲਾੜ ਤੋਂ ਵਾਪਿਸ ਆਉਣਗੇ



ਭਾਰਤੀ ਮੂਲ ਦੀ ਅਮਰੀਕੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ ਉਸ ਦੇ ਸਾਥੀ ਬੁਸ਼ ਵਿਲਮੋਰ ਫਰਵਰੀ 2025 ਵਿੱਚ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈਐਸਐਸ) ਤੋਂ ਧਰਤੀ 'ਤੇ ਵਾਪਿਸ ਆਉਣਗੇ। ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਸ਼ਨੀਵਾਰ (24 ਅਗਸਤ) ਨੂੰ ਇਹ ਜਾਣਕਾਰੀ ਦਿੱਤੀ ਹੈ। ਨਾਸਾ ਨੇ ਆਖਰਕਾਰ ਸਵੀਕਾਰ ਕਰ ਲਿਆ ਕਿ ਬੋਇੰਗ ਦੇ ਨਵੇਂ ਸਟਾਰਲਾਈਨਰ ਕੈਪਸੂਲ ਵਿੱਚ ਫਸੇ ਦੋ ਪੁਲਾੜ ਯਾਤਰੀਆਂ ਨੂੰ ਲਿਆਉਣਾ ਖਤਰਨਾਕ ਹੋ ਸਕਦਾ ਹੈ ਜੋ ਕਿ 5 ਜੂਨ ਨੂੰ ਪੁਲਾੜ ਵਿਚ ਭੇਜੇ ਗਏ ਸਨ। ਨਾਸਾ ਨੇ ਕਿਹਾ ਕਿ ਸੁਨੀਤਾ ਅਤੇ ਬੁਸ਼ ਵਿਲਮੋਰ ਫਰਵਰੀ ਵਿਚ ਐਲੋਨ ਮਸਕ ਦੀ ਕੰਪਨੀ ਸਪੇਸਐਕਸ ਦੇ ਡਰੈਗਨ ਪੁਲਾੜ ਯਾਨ 'ਤੇ ਵਾਪਿਸ ਆਉਣਗੇ। ਇਸ ਦੇ ਨਾਲ ਹੀ, ਸਟਾਰਲਾਈਨਰ ਕੈਪਸੂਲ ਤੋਂ ਵੱਖ ਹੋ ਜਾਵੇਗਾ ਅਤੇ ਇੱਕ ਜਾਂ ਦੋ ਹਫ਼ਤਿਆਂ ਵਿੱਚ ਆਟੋਪਾਇਲਟ ਮੋਡ ਵਿੱਚ ਵਾਪਿਸ ਆਉਣ ਦੀ ਕੋਸ਼ਿਸ਼ ਕਰੇਗਾ।

## ਕੈਨੇਡਾ ਵਿੱਚ ਮਾਲ ਗੱਡੀਆਂ (ਰੇਲਾਂ) ਦੇ ਬੰਦ ਹੋਣ ਨਾਲ ਅਰਥ-ਵਿਵਸਥਾ ਵਿਗੜਨ ਦੇ ਅਸਾਰ



ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਕੈਨੇਡੀਅਨ ਨੈਸ਼ਨਲ ਰੇਲਵੇ ਅਤੇ ਰੇਲਵੇ ਕੰਪਨੀਆਂ ਅਤੇ ਯੂਨੀਅਨਾਂ ਨੂੰ ਇਕ ਸਮਝੌਤੇ 'ਤੇ ਪਹੁੰਚਣ, ਤਾਂ ਕਿ ਮਾਲ ਗਡੀਆਂ ਦੇ ਢੋਆ-ਢੁਆਈ ਤੇ ਪੈਂਦੀਆਂ ਸਮਸਿਆਵਾਂ ਤੋਂ ਬਚਿਆ ਜਾ ਸਕੇ। ਜੇਕਰ ਯੂਨੀਅਨ ਅਤੇ ਕੰਪਨੀਆਂ ਵਿਚਾਰਧਾਰਾ 'ਤੇ ਸਹਿਮਤ ਨਹੀਂ ਹੁੰਦੀਆਂ, ਤਾਂ ਹੜਤਾਲ ਦੇ ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਸ ਹੜਤਾਲ ਨਾਲ ਰੋਜ਼ਾਨਾ ਕਰੀਬ 1 ਬਿਲੀਅਨ ਡਾਲਰ ਦੀ ਮਾਲ ਦੀ ਆਵਾਜਾਈ ਠੱਪ ਹੋ ਸਕਦੀ ਹੈ, ਜੋ ਕੈਨੇਡਾ ਦੀ ਆਰਥਿਕਤਾ 'ਤੇ ਵੱਡਾ ਅਸਰ ਪਾ ਸਕਦੀ ਹੈ। ਇਸ ਤੋਂ ਇਲਾਵਾ, ਕੈਨੇਡੀਅਨ ਚੈਂਬਰ ਆਫ਼ ਕਾਮਰਸ ਅਤੇ ਹੋਰ ਵਪਾਰ ਸੰਸਥਾਵਾਂ ਨੇ ਵੀ ਮਾਲ ਗਡੀਆਂ ਦੀ ਆਵਾਜਾਈ ਨੂੰ ਬਣਾਈ ਰਖਣ ਲਈ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਲੇਬਰ ਮੰਤਰੀ ਨੇ ਰੇਲਵੇ ਕੰਪਨੀਆਂ ਦੇ ਮਾਲਕਾਂ ਦੀ ਬਾਈਡਿੰਗ ਆਰਬਿਟ੍ਰੇਸ਼ਨ ਲਈ ਕੀਤੀ ਬੇਨਤੀ ਨੂੰ ਰਦ ਕਰ ਦਿਤਾ ਹੈ ਅਤੇ ਪਾਰਟੀਆਂ ਨੂੰ ਗਲਬਾਤ ਦੁਆਰਾ ਹਲ ਲਭਣ ਦੀ ਅਪੀਲ ਕੀਤੀ ਹੈ। ਫੈਡਰਲ ਸਰਕਾਰ ਦੇ ਕੋਲ ਬਾਈਡਿੰਗ ਆਰਬਿਟ੍ਰੇਸ਼ਨ ਦਾ ਆਦੇਸ਼ ਦੇਣ ਦੀ ਸ਼ਕਤੀ ਹੈ, ਜਿਸ ਨਾਲ ਇਕ ਸਮਝੌਤਾ ਤਿਆਰ ਕੀਤਾ ਜਾ ਸਕਦਾ ਹੈ। ਲੇਬਰ ਮੰਤਰੀ ਨੇ ਦੋਵੇਂ ਧਿਰਾਂ ਨੂੰ ਗਲਬਾਤ ਰਾਹੀਂ ਮਸਲੇ ਦਾ ਹਲ ਲਭਣ ਦੀ ਤਾਕੀਦ ਕੀਤੀ ਹੈ।

## Brampton designates nearly 2,000 hectares as natural heritage lands



The City of Brampton has joined up with the Toronto and Region Conservation Authority (TRCA) and naturalist organization Ontario Nature to designate 1,925 hectares of lands in the city as part of a national effort to protect natural space for future generations. Known as the 30x30 target, the program aims to meet Canada's international commitment to protect 30 per cent of lands and water by 2030. The lands being designated include woodlands, valleys, wetlands, lakes, rivers, streams, and ponds scattered across the city. Some of the areas are habitats for species at risk, including the redside dace, bobolink and northern map turtle.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਭੈ ਵਿਚ ਸੂਰਜ ਭੈ ਵਿਚ ਚੰਦ**

ਆਸਾ ਕੀ ਵਾਰ ਵਿੱਚ ਉਪਰੋਕਤ ਗੁਰਬਾਣੀ ਤੁਕ ਦੀ ਰੋਸ਼ਨੀ ਵਿੱਚ ਨਿਰਾਕਾਰ "ਕਰਤਾ ਪੁਰਖ "ਦੀਆਂ ਹੇਠ ਲਿਖੀਆਂ ਵਿੱਚੋਂ ਕਿਹੜੀਆਂ ਰਚਨਾਵਾਂ ਉਸਦੇ ਅਧੀਨ ਹਨ?

a. ਸੂਰਜ  b. ਚੰਦ
c. ਸਾਰੀ ਗਲੈਕਸੀ  d. ਉਪਰੋਕਤ ਸਾਰੇ

**2. ਗੁਰੂ ਗ੍ਰੰਥ ਸਾਹਿਬ ਜੀ ਦਾ ਵੱਧ ਤੋਂ ਵੱਧ ਸਤਿਕਾਰ ਅਸੀਂ ਕਿਵੇਂ ਕਰ ਸਕਦੇ ਹਾਂ?**

a. ਕੀਮਤੀ ਰੁਮਾਲੇ ਭੇਟ ਕਰਕੇ
b. ਗੁਰਬਾਣੀ ਦੀ ਵਿਚਾਰਾ ਸਮਝ ਕੇ ਅਪਣਾਉਣ ਨਾਲ
c. ਗੁਰਬਾਣੀ ਦੇ ਮੈਸੇਜ ਨੂੰ ਦੁਨੀਆ ਤੱਕ ਪਹੁੰਚਾਉਣ ਨਾਲ
d. ਬੀ ਅਤੇ ਸੀ ਦੋਵੇਂ

**3. ਮੌਜੂਦਾ ਗਿਆਨ ਤੇ ਪੜ੍ਹਾਈ ਦੇ ਯੁੱਗ ਵਿੱਚ ਕਿਹੜੀ ਗੱਲ ਸਾਰਥਕ ਹੈ?**

a. ਹਥਿਆਰ  b. ਲੜਾਈ
c. ਸੂਝ  d. ਮੋਰਚਾ

**4. ਗੁਰਮਤਿ ਅਨੁਸਾਰ ਇਹਨਾਂ ਵਿੱਚੋਂ ਕਿਹੜਾ ਕਰਮ ਸਾਡੀ ਰੱਖਿਆ ਕਰ ਸਕਦਾ ਹੈ?**

a. ਗੁੱਟ ਵਿੱਚ ਧਾਗਾ
b. ਪੈਰ ਦੇ ਗਿੱਟੇ ਉੱਪਰ ਧਾਗਾ
c. ਉਂਗਲ ਤੇ ਨੱਗ ਵਾਲੀ ਮੁੰਦਰੀ
d. ਇਹਨਾਂ ਵਿੱਚੋਂ ਕੋਈ ਨਹੀਂ

(ਦੇਖੋ ਉੱਤਰ ਪੰਨਾ 4 'ਤੇ)

## CAREER COUNSELLING

# Persistence Approach

Narinder Pal Singh



A young Salesman was finally admitted to the office of the President who chided him - "Young man, you should be flattered, that I allowed to come in here. I turned down 5 Salesmen today." Replied the young salesman with a smile "I was all 5 of them!" This approach is called "Persistence in Sales"

It starts from getting an appointment till closing the deal. The salesman needs to pursue in spite of initial denial or resistance, rejection or lack of commitment from prospect.

### Benefits of Persistence In Sales

- Showing Professionalism
- Identifying customer need
- Understanding objection or resistance from Prospect/ customer
- Increase chances of closing the deal
- Developing relations /appreciation from customer

### Why Sales People Lack Persistence

- Lack of motivation
- Lack of training
- Lack of planning & prioritization skills
- Missing knowledge of Sales Cycle

### Tips For Sales Person To Adapt To Be Persistent

- Be Organized.
- Plan your Customer Coverage & call frequency
- Find different ways to contact, get appointments
- Be ready with alternate options in case of failure

### Pointers For Sales Manager

- Involvement
- Sensitize
- Motivation to sales team
- Training in every aspect
- Review, Monitor & Reward the team members for persistence
- Walk the talk - Demonstrate during joint working.

◆◆◆◆◆

# India takes up Guru Granth Sahib Issue with Qatar, Saroop Returned



A day after the Shiromani Gurdwara Parbandhak Committee (SGPC) president Harjinder Singh Dhami expressed concern over the confiscation of two holy saroops (copies) of Sikh scripture Guru Granth Sahib in Doha, the ministry of external affairs (MEA) said on Friday that India has raised the issue with Qatar and is working to ensure their respectful return. On Thursday, SGPC president Dhami had sought the intervention of external affairs minister S. Jaishankar and the Indian ambassador to Qatar for the release of the two holy 'saroops' of Guru Granth Sahib that had been confiscated by the police in Doha. Keeping the 'saroops' confiscated at a police station is a disrespect that cannot be tolerated. This matter was recently brought to the notice of the Akal Takht Jathedar by UK-based Bhai Kanhaiya Humanitarian Aid following which the SGPC pursued the matter.


## SIKH MATRIMONIALS

Gursikh girl 30/5'3"/Bcom, BEd /on work visa in Canada/ two brothers/ one is PR in Canada/ Contact +91 9971576271

Sikh girl 31/5'/ B.Tech /Canada PR/ Tech Advisor/ Parents Retd Govt official in Mohali SAS Nagar Contact +91 98157 75166

Gursikh girl30/5'6"/M.Sc Statistics DU/Working in Canada/Earning 70k Canadian Dollars/ Brother in TD Bank/ Contact +919899541505


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. D 3. C 4. D

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555